# PC-3567/MK

**P-2/2051**

## ਕਿੱਸਾ ਕਾਵਿ

Paper–V, Opt. (i)

(Semester–IV)

(Reg. and D.E.)

Time : Three Hours] [Maximum Marks : 60

**ਨੋਟ :** ਭਾਗ-ੳ ਦੇ ਦੋ ਪ੍ਰਸ਼ਨਾਂ ਵਿਚੋਂ **ਇਕ** ਪ੍ਰਸ਼ਨ ਕਰਨਾ ਹੈ। ਇਹ ਪ੍ਰਸ਼ਨ 9 ਅੰਕ ਦਾ ਹੋਵੇਗਾ। ਭਾਗ-ਅ ਦੇ ਚਾਰ ਉਪਭਾਗਾਂ (ਅ-1, ਅ-2, ਅ-3, ਅ-4) ਵਿਚੋਂ ਪੁੱਛੇ ਅੱਠ ਪ੍ਰਸ਼ਨਾਂ ਵਿਚੋਂ **ਤਿੰਨ** ਪ੍ਰਸ਼ਨ ਹੱਲ ਕਰਨੇ ਹਨ। ਇਕ ਉਪ-ਭਾਗ ਵਿਚੋਂ **ਇਕ-ਇਕ** ਪ੍ਰਸ਼ਨ ਹੀ ਹੱਲ ਕਰਨਾ ਹੈ। ਇਨ੍ਹਾਂ ਤਿੰਨ ਪ੍ਰਸ਼ਨਾਂ ਦੇ 9×3=27 ਅੰਕ ਹੋਣਗੇ। ਭਾਗ-ੲ (ਲਾਜ਼ਮੀ ਪ੍ਰਸ਼ਨ) ਦੇ ਸਾਰੇ 12 ਪ੍ਰਸ਼ਨਾਂ ਦਾ ਸੰਖੇਪ ਉੱਤਰ ਦੇਣਾ ਹੈ। ਇਨ੍ਹਾਂ 12 ਪ੍ਰਸ਼ਨਾਂ ਦੇ 12×2=24 ਅੰਕ ਹੋਣਗੇ।

## ਭਾਗ-ੳ

I. ਕਿੱਸਾ ਕਾਵਿ ਦਾ ਕਾਵਿ ਸ਼ਾਸ਼ਤਰ ਸਬੰਧੀ ਵੱਖ-ਵੱਖ ਵਿਦਵਾਨਾਂ ਦੀਆਂ ਧਾਰਨਾਵਾਂ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਓ।

II. ਪੰਜਾਬੀ ਕਿੱਸਿਆਂ ਵਿਚ ਮਿਲਦੀਆਂ ਵੱਖ-ਵੱਖ ਕਥਾਨਕ ਰੂੜੀਆਂ ਸਬੰਧੀ ਚਰਚਾ ਕਰੋ। 9

## ਭਾਗ-ਅ

### ਅ-1

III. ਪੀਲੂ ਰਚਿਤ ਮਿਰਜ਼ਾ ਸਾਹਿਬਾਂ ਦੇ ਆਧਾਰ ’ਤੇ ਪੀਲੂ ਦੀ ਭਾਸ਼ਾ ਸ਼ੈਲੀ ’ਤੇ ਨੋਟ ਲਿਖੋ।

IV. ਪੀਲੂ ਰਚਿਤ ਮਿਰਜ਼ਾ ਸਾਹਿਬਾਂ ਵਿਚ ਪੇਸ਼ ਇਸ਼ਕ ਦੇ ਸੰਕਲਪ ਦੀ ਵਿਆਖਿਆ ਕਰੋ।

### ਅ-2

V. ਹੀਰ ਵਾਰਿਸ ਦੀਆਂ ਕਲਾਤਮਕ ਜੁਗਤਾਂ ਬਾਰੇ ਚਰਚਾ ਕਰੋ।

VI. ਹੀਰ ਵਾਰਿਸ ਵਿਚ ਮਿਲਦੇ ਸੂਫ਼ੀ ਵਿਚਾਰਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਓ।

### ਅ-3

VII. ਕਾਦਰਯਾਰ ਰਚਿਤ ਪੂਰਨ ਭਗਤ ਵਿਚ ਪੇਸ਼ ਔਰਤ ਦੇ ਵੱਖਰੇ-ਵੱਖਰੇ ਰੂਪਾਂ ’ਤੇ ਵਿਸਥਾਰ ਸਹਿਤ ਚਾਨਣਾ ਪਾਓ।

VIII. ਕਾਦਰਯਾਰ ਰਚਿਤ ਪੂਰਨ ਭਗਤ ਕਿੱਸੇ ਦੀ ਵਿਚਾਰਧਾਰਾ ਬਾਰੇ ਚਰਚਾ ਕਰੋ।

ਅ-4

IX. ਹਾਸ਼ਮ ਰਚਿਤ ਸੱਸੀ ਪੁਨੂੰ ਕਿੱਸੇ ਦੇ ਆਧਾਰ ’ਤੇ ਵਿਸ਼ਾ-ਵਸ਼ਤੂ ’ਤੇ ਚਾਨਣਾ ਪਾਓ।

X. ਹਾਸ਼ਮ ਰਚਿਤ ਸੱਸੀ ਪੁਨੂੰ ਕਿੱਸੇ ਦੀ ਭਾਸ਼ਾ ਬਾਰੇ ਵਿਸਥਾਰ ਸਹਿਤ ਚਾਨਣਾ ਪਾਓ। (9×3=27)

## ਭਾਗ-ੲ

XI. (1) ਦਮੋਦਰ ਅਤੇ ਵਾਰਿਸ ਵੱਲੋਂ ਕਿੱਸਿਆਂ ਲਈ ਵਰਤੇ ਛੰਦਾਂ ਦੇ ਲੱਛਣਾਂ ’ਤੇ ਨੋਟ ਲਿਖੋ।

(2) ਹਮਦ ਅਤੇ ਨਾਅਤ ਦੀ ਵਿਆਖਿਆ ਕਰੋ।

(3) ਪੰਜਾਬੀ ਕਿੱਸਾ-ਕਾਵਿ ਨੂੰ ਵਰਗੀਕ੍ਰਿਤ ਕਰੋ।

(4) ਕਥਾਨਕ ਰੂੜੀ ਤੋਂ ਕੀ ਭਾਵ ਹੈ?

(5) ਸਾਮੀ ਸੱਭਿਆਚਾਰਕ ਪ੍ਰਭਾਵ ਵਾਲੇ ਦੋ ਕਿੱਸਿਆਂ ਦੇ ਨਾਮ ਦੱਸੋ।

(6) ਵਾਰਿਸ ਤੋਂ ਬਿਨਾਂ ਹੀਰ ਦਾ ਕਿੱਸਾ ਲਿਖਣ ਵਾਲੇ ਚਾਰ ਕਿੱਸਾਕਾਰਾਂ ਦੇ ਨਾਮ ਦੱਸੋ।

(7) ਹੀਰ ਵਾਰਿਸ ਵਿਚ ਲੁੱਢਣ ਮਲਾਹ ਦੇ ਕਿਰਦਾਰ ’ਤੇ ਰੋਸ਼ਨੀ ਪਾਓ।

(8) ਪੀਲੂ ਦੀ ਪੰਜਾਬੀਅਤ ’ਤੇ ਨੋਟ ਲਿਖੋ।

(9) ਕਾਦਰਯਾਰ ਦੇ ਦੋ ਹੋਰ ਕਿੱਸਿਆਂ ਦੇ ਨਾਮ ਦੱਸੋ।

(10) ਸੱਸੀ ਦੇ ਜਨਮ ਸਥਾਨ ਤੇ ਕਿੱਸੇ ਦੇ ਵਾਪਰਨ ਸਥਾਨ ਬਾਰੇ ਦੱਸੋ।

(11) ਹਾਸ਼ਮ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਦੱਸੋ।

(12) ਪੀਲੂ ਰਚਿਤ ਮਿਰਜ਼ਾ ਸਾਹਿਬਾਂ ਦੇ ਆਪਣੇ ਮਨਪਸੰਦ ਪਾਤਰ 'ਤੇ ਨੋਟ ਲਿਖੋ। (12×2=24)